# ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿਚ ਦੀਵਾਨੀ ਨਿਆਂ ਨਾਲ ਸੰਬੰਧਿਤ ਸੁਧਾਰ

## ਸੁਪਰੀਮ ਕੋਰਟ ਸਿਵਲ ਜਸਟਿਸ ਸਿਸਟਮ ਬਾਰੇ ਮੈਨੂੰ ਕਿਉਂ ਫਿਕਰਮੰਦ ਹੋਣਾ ਚਾਹੀਦਾ ਹੈ?

ਸੁਪਰੀਮ ਕੋਰਟ ਸਿਵਲ ਜਸਟਿਸ ਸਿਸਟਮ (ਦੀਵਾਨੀ ਨਿਆਂ ਦਾ ਸਿਸਟਮ), ਐਕਸੀਡੈਂਟਾਂ, ਤਲਾਕਾਂ, ਵਸੀਅਤਾਂ ਕਾਰਨ ਪੈਦਾ ਹੋਏ ਵਿਵਾਦਾਂ, ਇਮਾਰਤ-ਉਸਾਰੀਆਂ ਅਤੇ ਅਦਾ ਨਾ ਕੀਤੇ ਗਏ ਕਰਜ਼ਿਆਂ ਦੇ ਵਿਵਾਦਾਂ ਵਰਗੀਆਂ ਸਮੱਸਿਆਵਾਂ ਨਾਲ ਨਿਬੜਦਾ ਹੈ। ਜੇ ਤੁਹਾਨੂੰ ਕਦੇ ਇਹੋ ਜਿਹੀ ਕੋਈ ਸਮੱਸਿਆ ਆਵੇ, ਅਤੇ ਇਹ ਸਮਾਲ ਕਲੇਮਜ਼ ਕੋਰਟ ਵਿਚ ਨਜਿੱਠੀ ਜਾਣ ਨਾਲੋਂ ਕਿਤੇ ਵੱਡੀ ਹੋਵੇ ਤਾਂ ਫਿਰ ਤੁਹਾਨੂੰ ਕਿਸੇ ਵਕੀਲ ਨਾਲ ਗੱਲ ਕਰਨੀ ਪੈ ਸਕਦੀ ਹੈ, ਅਦਾਲਤ ਜਾਣਾ ਪੈ ਸਕਦਾ ਹੈ ਜਾਂ ਹੱਲ ਲੱਭਣ ਲਈ ਮੀਡੀਏਸ਼ਨ (ਵਿਚੋਲਗੀ) ਕਰਵਾਉਣੀ ਪੈ ਸਕਦੀ ਹੈ।

## ਸਿਵਲ ਜਸਟਿਸ ਸਿਸਟਮ ਵਿਚ ਕੀ ਗਲਤ ਹੈ?

ਕੈਨੇਡਾ ਦਾ ਸਿਵਲ ਜਸਟਿਸ ਸਿਸਟਮ (ਦੀਵਾਨੀ ਨਿਆਂ ਦਾ ਸਿਸਟਮ) ਬਹੁਤ ਸਾਰੇ ਦੇਸ਼ਾਂ ਨਾਲੋਂ ਬਿਹਤਰ ਹੈ, ਪਰ ਇਸ ਦੇ ਜ਼ਿਆਦਾ ਖਰਚੇ ਕਾਰਨ, ਥੋੜ੍ਹੇ ਲੋਕ ਹੀ ਆਪਣੀਆਂ ਸਮੱਸਿਆਵਾਂ ਦੇ ਹੱਲ ਵਿਚ ਮਦਦ ਲਈ ਇਸ ਸਿਸਟਮ ਦੀ ਵਰਤੋਂ ਕਰਨ ਦੇ ਯੋਗ ਹਨ। ਬੀ ਸੀ ਦੇ ਸਿਵਲ ਜਸਟਿਸ ਸਿਸਟਮ ਦੇ ਕੰਮ ਕਰਨ ਦੇ ਤਰੀਕੇ ਵਿਚ ਤਬਦੀਲੀਆਂ ਕਰਨ ਲਈ ਹੁਣ ਕਦਮ ਚੁੱਕੇ ਜਾ ਰਹੇ ਹਨ ਤਾਂ ਜੋ ਇਹ ਜ਼ਿਆਦਾ ਵਾਰਾ ਖਾਣ ਯੋਗ ਹੋਵੇ ਅਤੇ ਇਸ ਦੀ ਵਰਤੋਂ ਕਰਨਾ ਸੌਖਾ ਹੋਵੇ। ਜਿਵੇਂ ਕਿ ਕੈਨੇਡਾ ਦੀ ਸੁਪਰੀਮ ਕੋਰਟ ਦੇ ਜੱਜ ਬੈਵਰਲੀ ਮੈਕਲੈਚਲਿਨ ਦਾ ਕਹਿਣਾ ਹੈ, "ਦੁਨੀਆਂ ਦਾ ਸਭ ਤੋਂ ਵਿਕਸਤ ਨਿਆਂ ਸਿਸਟਮ ਫੇਲ੍ਹ ਹੈ ਜੇ ਇਹ ਉਨ੍ਹਾਂ ਲੋਕਾਂ ਨੂੰ ਨਿਆਂ ਨਹੀਂ ਦਿੰਦਾ ਜਿਨ੍ਹਾਂ ਦੀ ਸੇਵਾ ਕਰਨ ਲਈ ਇਹ ਬਣਿਆ ਹੈ।"

## ਸਾਡਾ ਸਿਵਲ ਜਸਟਿਸ ਸਿਸਟਮ ਇੰਨਾ ਮਹਿੰਗਾ ਕਿਉਂ ਹੈ?

ਬੀ.ਸੀ. ਦੇ ਨਿਆਂ ਦੇ "ਵਿਰੋਧੀ ਸਿਸਟਮ" ਅਧੀਨ, ਵਕੀਲਾਂ ਦਾ ਇਹ ਫਰਜ਼ ਹੈ ਕਿ ਉਹ ਆਪਣੇ ਮੁੱਵਕਲਾਂ (ਕਲਾਇੰਟਸ) ਦੇ ਹਿੱਤਾਂ ਦੀ ਰਾਖੀ ਕਰਨ ਲਈ ਜੋ ਵੀ ਹੋ ਸਕਦਾ ਕਰਨ। ਨਤੀਜੇ ਵਜੋਂ, ਮੁਕੱਦਮੇ ਦੇ ਕਈ ਹਿੱਸੇ ਮਹਿੰਗੇ ਹੁੰਦੇ ਹਨ ਅਤੇ ਇਹ ਬਹੁਤ ਸਾਰਾ ਸਮਾਂ ਲੈਂਦੇ ਹਨ। ਉਦਾਹਰਣ ਲਈ, "ਡਿਸਕਵਰੀ" ਨਾਂ ਦਾ ਇਕ ਕਾਰਜ, ਹਰ ਇਕ ਧਿਰ ਨੂੰ ਇਹ ਆਗਿਆ ਦਿੰਦਾ ਹੈ ਕਿ ਉਹ ਦੂਜੀ ਧਿਰ ਤੋਂ ਮੁਕੱਦਮੇ ਨਾਲ ਕਿਸੇ ਤਰ੍ਹਾਂ ਵੀ ਸੰਬੰਧਿਤ ਸਾਰੀ ਜਾਣਕਾਰੀ ਅਤੇ ਦਸਤਾਵੇਜ਼ ਲੈ ਸਕਦੀ ਹੈ। ਸਿਸਟਮ ਦਾ ਇਕ ਹੋਰ ਮਹਿੰਗਾ ਹਿੱਸਾ "ਮਾਹਰ ਗਵਾਹਾਂ" ਦਾ ਖਰਚਾ ਹੈ ਜਿਹੜੇ ਵਿਗਿਆਨਕ ਜਾਂ ਹੋਰ ਤਕਨੀਕੀ ਮਾਮਲਿਆਂ ਬਾਰੇ ਆਪਣੀ ਰਾਇ ਦਿੰਦੇ ਹਨ। ਇਸ ਵੇਲੇ ਸਾਡੇ ਸਿਸਟਮ ਅਧੀਨ ਜੱਜਾਂ ਕੋਲ, ਵਿਰੋਧੀ ਕਾਰਜ ਦੇ ਖਰਚੇ ਜਾਂ ਲੰਬਾਈ ਵਿਚ ਕਟੌਤੀਆਂ ਕਰਨ ਦੀ ਬਹੁਤ ਥੋੜ੍ਹੀ ਤਾਕਤ ਹੈ।

## ਨਵੇਂ ਸਿਵਲ ਨਿਯਮ ਖਰਚੇ ਘਟਾਉਣ ਲਈ ਕੀ ਕਰਨਗੇ?

ਤਜਵੀਜ਼ਸ਼ੁਦਾ ਨਵੇਂ ਨਿਯਮ ਖਰਚੇ ਅਤੇ ਦੇਰੀ ਘਟਾਉਣ ਵਿਚ ਜੱਜਾਂ ਦੀ ਮਦਦ ਕਰਨਗੇ। ਨਵੇਂ ਨਿਯਮ ਇਹ ਪੱਕਾ ਕਰਨ ਵਿਚ ਅਦਾਲਤਾਂ ਦੀ ਮਦਦ ਕਰਨਗੇ ਕਿ ਅਦਾਲਤ ਵਿਚ ਜਾਣ ਵਾਲੇ ਲੋਕ ਇਸ ਚੀਜ਼ ਵੱਲ ਧਿਆਨ ਦੇਣ ਕਿ ਕਿਸੇ ਕਾਨੂੰਨੀ ਸਮੱਸਿਆ ਨੂੰ ਹੱਲ ਕਰਨ ਲਈ ਕਿੰਨਾ ਸਮਾਂ ਲੱਗੇਗਾ ਅਤੇ ਕਿੰਨੇ ਪੈਸੇ ਖਰਚ ਆਉਣਗੇ। ਨਵੇਂ ਨਿਯਮ ਮੁਕੱਦਮਿਆਂ ਦੇ ਜ਼ਿਆਦਾ ਮਹਿੰਗੇ ਹਿੱਸਿਆਂ ਨੂੰ ਸੀਮਤ ਕਰਨਗੇ, ਜਿਵੇਂ ਕਿ ਜਾਣਕਾਰੀ ਦੀ ਅਦਲਾ-ਬਦਲੀ ਅਤੇ ਮਾਹਰ ਗਵਾਹਾਂ ਦੀ ਵਰਤੋਂ।